ਦਫਤਰ: ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ ਨੰ:1, ਲੋਕ ਨਿਰਮਾਣ ਵਿਭਾਗ,

ਭਵਨ ਤੇ ਮਾਰਗ ਸਾਖਾ, ਨਿਰਮਾਣ ਭਵਨ, ਸੀ ਬਲਾਕ, ਗਰਾਊਂਡ ਫਲੋਰ, ਫਿਰੋਜਪੁਰ

ਈ-ਮੇਲ eecd1frpwdpb@gmail.com ਫੋਨ/ਫੈਕਸ ਨੰ.01632 297530

ਵੱਲ

ਪ੍ਰਿੰਸੀਪਲ,
Laurel International Public School,
ਬਾਹਮਣੀ ਵਾਲਾ ਰੋਡ,
ਤਹਿ. ਜਲਾਲਾਬਾਦ।

ਨੰਬਰ 232 ਮਿਤੀ: 06/06/2024

ਵਿਸ਼ਾ: ਸਕੂਲ ਦੀ ਬਿਲਡਿੰਗ ਦਾ ਸੇਫਟੀ ਸਰਟੀਫਿਕੇਟ ਜਾਰੀ ਕਰਨ ਬਾਰੇ – Laurel International Public School, ਬਾਹਮਣੀ ਵਾਲਾ ਰੋਡ, ਤਹਿ. ਜਲਾਲਾਬਾਦ (ਸਾਲ 2024-25)

ਹਵਾਲਾ: ਆਪ ਦੀ ਪ੍ਰਤੀਬੇਨਤੀ ਜੋ ਕਿ ਇਸ ਦਫਤਰ ਵਿਖੇ ਮਿਤੀ 22.05.2024 ਨੂੰ ਪ੍ਰਾਪਤ ਹੋਈ।

ਆਪ ਦੇ ਸਕੂਲ ਦਾ ਨਿਰੀਖਣ ਉਪ ਮੰਡਲ ਇੰਜੀਨੀਅਰ, ਉਸਾਰੀ ਉਪ ਮੰਡਲ ਲੋ.ਨਿ.ਵਿ. ਭ.ਤੇ.ਮ ਸਾਖਾ, ਜਲਾਲਾਬਾਦ ਵੱਲੋਂ ਮਿਤੀ 30.05.2024 ਨੂੰ ਕਰ ਲਿਆ ਗਿਆ ਹੈ। ਆਪ ਵੱਲੋਂ ਜਮ੍ਹਾਂ ਕਰਵਾਏ ਗਏ ਡੀ.ਡੀ. ਨੰ. 501203 ਮਿਤੀ 27.05.2024 ਬਾਬਤ ਰਕਮ 10,000/- ਰੁਪਏ ਅਤੇ ਦਫਤਰ ਉਸਾਰੀ ਉਪ ਮੰਡਲ ਭ.ਤੇ.ਮ ਸਾਖਾ, ਜਲਾਲਾਬਾਦ ਦੀ ਰਿਪੋਰਟ ਦੇ ਆਧਾਰ ਤੇ ਆਪ ਦੇ ਸਕੂਲ ਦੀ ਬਿਲਡਿੰਗ ਦੇਖਣ ਤੋਂ ਠੀਕ ਹੈ ਅਤੇ ਵਰਤਣਯੋਗ ਹੈ। ਇਸ ਲਈ ਆਪ ਨੂੰ ਹੇਠ ਲਿਖੀਆਂ ਸ਼ਰਤਾ ਦੇ ਆਧਾਰ ਤੇ ਸਕੂਲ ਦੀ ਬਿਲਡਿੰਗ ਦੇ ਸਿਵਲ ਵਰਕ ਦਾ ਸੇਫਟੀ ਸਰਟੀਫਿਕੇਟ ਸਾਲ 2024-25 (ਅੰਮਟੂ 31.03.2025) ਤੱਕ ਜਾਰੀ ਕੀਤਾ ਜਾਂਦਾ ਹੈ:-

1. ਇਸ ਬਿਲਡਿੰਗ ਦੀ ਹਰ ਸਾਲ ਮੁਰੰਮਤ ਕਰਵਾਈ ਜਾਵੇ ਅਤੇ ਹਰ ਸਾਲ ਇੰਸਪੇਕਸ਼ਨ ਕਰਵਾਈ ਜਾਵੇ।
2. ਇਸ ਬਿਲਡਿੰਗ ਦੀਆ ਛੱਤਾ ਉੱਪਰ ਅਤੇ ਆਲੇ-ਦੁਆਲੇ ਪਾਣੀ ਨਾ ਖੜ੍ਹਾ ਹੋਣ ਦਿੱਤਾ ਜਾਵੇ।
3. ਜੇਕਰ ਬਿਲਡਿੰਗ ਵਿੱਚ ਕਿਸੇ ਤਰ੍ਹਾਂ ਦੀ ਤਰੇੜ ਆ ਜਾਂਦੀ ਹੈ ਤਾ ਉਸ ਜਗ੍ਹਾ ਨੂੰ ਵਰਤੋਂ ਵਿੱਚ ਨਾ ਲਿਆਦਾ ਜਾਵੇ ਅਤੇ ਉਸ ਜਗ੍ਹਾ ਨੂੰ ਤੁਰੰਤ ਖਾਲੀ ਕਰਵਾ ਕੇ ਜਗ੍ਹਾ ਦੀ ਤੁਰੰਤ ਮੁਰੰਮਤ ਕਰਵਾਈ ਜਾਵੇ।
4. ਬਿਲਡਿੰਗ ਦੀ ਹਰ ਪੱਖੋ ਸੇਫਟੀ ਦੀ ਜਿੰਮੇਵਾਰੀ ਸੰਸਥਾ ਦੀ ਹੋਵੇਗੀ। ਅੱਗ ਬੁਝਾਊ ਯੰਤਰ ਚਾਲੂ ਹਾਲਤ ਵਿੱਚ ਹੋਣੇ ਚਾਹੀਦੇ ਹਨ।
5. ਜੇਕਰ ਕਿਸੇ ਕੁਦਰਤੀ ਆਫਤ ਕਾਰਨ ਜਾ ਕਿਸੇ ਵੀ ਕਾਰਨ ਬਿਲਡਿੰਗ ਦਾ ਨੁਕਸਾਨ ਹੁੰਦਾ ਹੈ ਤਾ ਤੁਰੰਤ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇ।
6. ਜੇਕਰ ਬਿਲਡਿੰਗ ਵਿੱਚ ਕਿਸੇ ਤਰ੍ਹਾਂ ਦਾ ਵਾਧਾ ਕਰਨਾ ਹੋਵੇ ਤਾ ਆਰਕੀਟੈਕਟ ਤੋਂ ਪਾਸ ਕਰਵਾਇਆ ਜਾਵੇ ਅਤੇ ਇਸ ਸਬੰਧੀ ਇਸ ਦਫਤਰ ਨੂੰ ਵੀ ਸੂਚਿਤ ਕੀਤਾ ਜਾਵੇ।

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ ਨੰ 1, ਲੋ.ਨਿ.ਵਿ. ਭ.ਤੇ.ਮ ਸਾਖਾ,
ਫਿਰੋਜਪੁਰ।

ਨੱਥੀ/ਸਰਟੀਫਿਕੇਟ

ਪਿੱਠ ਅੰਕਣ ਨੰ. ਮਿਤੀ:

ਉਪਰੋਕਤ ਦਾ ਉਤਾਰਾ ਉਪ ਮੰਡਲ ਇੰਜੀਨੀਅਰ, ਉਸਾਰੀ ਉਪ ਮੰਡਲ ਭ.ਤੇ.ਮ ਸਾਖਾ, ਜਲਾਲਾਬਾਦ ਨੂੰ ਉਨ੍ਹਾਂ ਦੇ ਦਫਤਰ ਦੇ ਪੱਤਰ ਨੰ. 116 ਮਿਤੀ 30.05.2024 ਦੇ ਹਵਾਲੇ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ ਨੰ.1, ਲੋ.ਨਿ.ਵਿ. ਭ.ਤੇ.ਮ ਸਾਖਾ,
ਫਿਰੋਜਪੁਰ।

ਨੱਥੀ/x

Principal
Laurel International Public School
Jalalabad (W) Distt. Fazilka

Scanned by CamScanner

Scanned with CamScanner